OFFICE OF THE
DIRECTOR GENERAL OF POLICE
PUNJAB, CHANDIGARH.

ਦਫਤਰ,
ਡਾਇਰੈਕਟਰ ਜਨਰਲ ਪੁਲਿਸ,
ਪੰਜਾਬ, ਚੰਡੀਗੜ੍ਹ ।

ਪ੍ਰਸ਼ਾਸਨ ਵਿੰਗ
(ਅਮਲਾ-1 ਸ਼ਾਖਾ)

ਵੱਲ

ਸਮੂਹ ਪੁਲਿਸ ਵਿਭਾਗਾਂ ਦੇ ਮੁੱਖੀ,

ਨੰਬਰ 13-112 /ਈ-1(2), ਮਿਤੀ 03-01-11

ਵਿਸ਼ਾ ਸਟੈਂਡਿੰਗ ਆਰਡਰ ਨੰ: 12/2010 - ਬੇਸਿਕ ਪ੍ਰਾਫੀਸ਼ੈਂਸੀ ਟੈਸਟ (ਬੀ.ਪੀ.ਟੀ)

ਹਵਾਲਾ ਇਸ ਦਫਤਰ ਦੇ ਹੁੱਕਮ ਨੰ: 9951/ਈ-1 (2) ਮਿਤੀ 27.07.10 ਅਤੇ ਪੱਤਰ ਨੰ: 16929-17050/ਈ.1 (2) ਮਿਤੀ 9.12.10, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਹਵਾਲਾ ਅਧੀਨ ਹੁੱਕਮ/ਪੱਤਰ ਅਨੁਸਾਰ ਸਿਪਾਹੀ ਰੈਂਕ ਦੇ ਕਰਮਚਾਰੀਆਂ ਨੂੰ ਮੁੱਖ ਸਿਪਾਹੀ ਰੈਂਕ ਵਿੱਚ ਤਰੱਕੀਯਾਬ ਕਰਨ ਲਈ 70% ਸਿਪਾਹੀਆਂ ਨੂੰ ਜੈਂਟਰਲ ਸੀਨੀਆਰਤਾ-ਕਮ-ਮੈਰਿਟ ਦੇ ਆਧਾਰ ਤੇ, 25% ਮੁੱਖ ਸਿਪਾਹੀਆਂ ਦੀਆਂ ਖਾਲੀ ਅਸਾਮੀਆਂ ਬੇਸਿਕ ਪ੍ਰਾਫੀਸ਼ੈਂਸੀ ਟੈਸਟ, 5% ਨੈਸ਼ਨਲ/ਇੰਟਰਨੈਸ਼ਨਲ ਖਿਡਾਰੀਆਂ ਦੇ ਰਾਹੀਂ ਭਰੀਆਂ ਜਾਣੀਆਂ ਹਨ। ਮੁੱਖ ਸਿਪਾਹੀ ਰਾਮ ਪਾਲ ਨੰ: 971/ਅੰਮ੍ਰਿਤਸਰ (ਦਿਹਾਤੀ) ਅਤੇ 28 ਹੋਰ ਕਰਮਚਾਰੀਆਂ ਨੇ ਸਿਵਲ ਰਿੱਟ ਪਟੀਸ਼ਨ ਨੰ: 17990 ਆਫ 2010 ਦਾਇਰ ਕਰਕੇ ਇਸ ਦਫਤਰ ਦੇ ਹੁੱਕਮ ਨੰ: 9951/ਈ.1 (2) ਮਿਤੀ 27.07.10 ਨੂੰ ਚੈਲੇਂਜ ਕੀਤਾ ਹੈ। ਇਸ ਕੇਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਪਾਸ ਕੀਤੇ ਅੰਤਰਮ ਹੁੱਕਮਾਂ ਬਾਰੇ ਆਪ ਜੀ ਨੂੰ ਪੱਤਰ ਨੰਬਰ 15560-659/ਈ.1 (2) ਮਿਤੀ 11.11.10 ਰਾਹੀਂ ਪਹਿਲਾਂ ਹੀ ਸੂਚਿਤ ਕਰ ਦਿੱਤਾ ਗਿਆ ਹੈ। ਉੱਕਤ ਹੁੱਕਮ ਵਿੱਚ ਲਿਸਟ ਸੀ-2 ਤੇ ਦਰਜ ਕਰਮਚਾਰੀਆਂ ਨੂੰ ਬਣਦਾ ਕੋਟਾ ਨਹੀ ਦਿੱਤਾ ਗਿਆ ਸੀ। ਪਰੰਤੂ ਕੇਸ ਨੂੰ ਦੁਬਾਰਾ ਵਿਚਾਰਨ ਤੋਂ ਬਾਅਦ ਇਸ ਦਫਤਰ ਦੇ ਪੱਤਰ ਨੰ: 16929-17050/ਈ.1 (2) ਮਿਤੀ 9.12.10 ਰਾਹੀਂ ਲਿਸਟ ਸੀ-2 ਤੇ ਦਰਜ ਕਰਮਚਾਰੀਆਂ ਨੂੰ ਮੁੱਖ ਸਿਪਾਹੀ ਤਰੱਕੀਯਾਬ ਕਰਨ ਲਈ ਬਣਦਾ 10% ਕੋਟਾ ਵੀ ਦਿੱਤਾ ਜਾਣਾ ਹੈ। ਇਸ ਤਰ੍ਹਾਂ ਕੁੱਲ ਖਾਲੀ ਅਸਾਮੀਆਂ ਵਿੱਚੋਂ ਲਿਸਟ ਸੀ-2 ਤੇ ਦਰਜ ਕਰਮਚਾਰੀਆਂ ਨੂੰ 10% ਕੋਟਾ ਦੇਣ ਉਪਰੰਤ ਬਾਕੀ ਬਚਦੀਆਂ ਆਸਾਮੀਆਂ ਤੇ 70-25-5% ਦਾ ਅਨੁਪਾਤ ਲਾਗੂ ਹੋਵੇਗਾ।

3. ਬੇਸਿਕ ਪ੍ਰਾਫੀਸ਼ੈਂਸੀ ਟੈਸਟ ਲਈ ਸਟੇਂਡਿੰਗ ਆਰਡਰ ਨੰ: 12/2010 ਤਿਆਰ ਕੀਤਾ ਗਿਆ ਹੈ। ਜਿਸ ਦੀ ਫੋਟੋਕਾਪੀ ਇਸ ਪੱਤਰ ਨਾਲ ਲੋੜੀਂਦੀ ਕਾਰਵਾਈ ਹਿੱਤ ਨੱਥੀ ਕਰਕੇ ਭੇਜੀ ਜਾਂਦੀ ਹੈ। ਆਰਮਡ ਬਟਾਲੀਅਨਜ਼, ਇੰਟੈਲੀਜੈਂਸ ਵਿੰਗ ਅਤੇ ਟੈਕਨੀਕਲ ਅਤੇ ਸਪੋਰਟਸ ਸਰਵਿਸ ਕੇਡਰਜ਼ ਦੇ ਕਰਮਚਾਰੀਆਂ ਲਈ ਬੇਸਿਕ ਪ੍ਰਾਫੀਸ਼ੈਂਸੀ ਟੈਸਟ ਲਈ ਸਟੈਂਡਿੰਗ ਆਰਡਰ ਦੇ ਪੈਰਾ ਨੰ: 2 ਅਨੁਸਾਰ ਵਿਭਾਗੀ ਤਰੱਕੀ ਕਮੇਟੀ ਨਾਮਜ਼ੱਦ ਕਰਕੇ ਤਿੰਨ ਦਿਨਾਂ ਦੇ ਅੰਦਰ-2 ਮਾਨਯੋਗ ਡੀ.ਜੀ.ਪੀ, ਪੰਜਾਬ ਜੀ ਦੀ ਪ੍ਰਵਾਨਗੀ ਲਈ ਇਸ ਦਫ਼ਤਰ ਨੂੰ ਭੇਜੀ ਜਾਵੇ ਤਾਂ ਜੋ ਬੇਸਿਕ ਪ੍ਰਾਫੀਸ਼ੈਂਸੀ ਟੈਸਟ ਲਈ ਤਾਰੀਖ ਨਿਸ਼ਚਿਤ ਕੀਤੀ ਜਾ ਸਕੇ ਜੀ।

ਨੱਥੀ : ਉਪਰੋਕਤ ਅਨੁਸਾਰ

ਸੁਪਰਡੈਂਟ/ਅਮਲਾ-1
ਵਾਸਤੇ ਡਾਇਰੈਕਟਰ ਜਨਰਲ ਪੁਲਿਸ, ਪੰਜਾਬ ।